# ਨਿਊਜ਼ ਰਿਲੀਜ਼

Ontario

5 ਨਵੰਬਰ, 2020

# ਓਨਟੈਰੀਓ ਦੀ ਕਾਰਵਾਈ ਯੋਜਨਾ: ਰੱਖਿਆ ਕਰਨਾ, ਸਹਾਇਤਾ ਕਰਨਾ, ਮੁੜ ਪ੍ਰਾਪਤ ਕਰਨਾ

# (Ontario's Action Plan:Protect, Support, Recover)

## *2020 Budget (2020 ਬਜਟ)* ਫਰੰਟਲਾਈਨ ਸਿਹਤ ਦੇਖਭਾਲ ਨੂੰ ਮਜ਼ਬੂਤ ਕਰਨ ਲਈ, ਲੋਕਾਂ ਅਤੇ ਰੋਜ਼ਗਾਰਦਾਤਾਵਾਂ ਨੂੰ ਸਹਾਰਾ ਦੇਣ ਲਈ ਅਤੇ ਓਨਟੈਰੀਓ ਦੀ ਰਿਕਵਰੀ ਵਾਸਤੇ ਨੀਂਹ ਰੱਖਣ ਲਈ ਹੋਰ ਸਾਧਨ ਮੁਹੱਈਆ ਕਰਦਾ ਹੈ।

ਅੱਜ, ਵਿੱਤ ਮੰਤਰੀ Rod Phillips ਨੇ *ਓਨਟੈਰੀਓ ਦੀ ਕਾਰਵਾਈ ਯੋਜਨਾ*: ਰੱਖਿਆ ਕਰਨਾ, ਸਹਾਇਤਾ ਕਰਨਾ,ਬਹਾਲ ਕਰਨਾ — ਰੀਲੀਜ਼ ਕੀਤੀ, ਕੋਵਿਡ-19 ਦੇ ਗੰਭੀਰ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵਾਂ ਦਾ ਜਵਾਬ ਦੇਣ ਲਈ ਵਿਆਪਕ ਕਾਰਵਾਈ ਯੋਜਨਾ ਦਾ ਅਗਲਾ ਫੇਜ਼। *Ontario's Action Plan* (*ਓਨਟੈਰੀਓ ਦੀ ਕਾਰਵਾਈ ਯੋਜਨਾ*) ਹੁਣ ਲੋਕਾਂ ਦੀ ਰੱਖਿਆ ਕਰਨਾ ਜਾਰੀ ਰੱਖਣ, ਵਾਇਰਸ ਦੁਆਰਾ ਪ੍ਰਭਾਵਿਤ ਵਿਅਕਤੀਆਂ, ਪਰਿਵਾਰਾਂ ਅਤੇ ਨੌਕਰੀਆਂ ਸਿਰਜਣ ਵਾਲਿਆਂ ਦੀ ਸਹਾਇਤਾ ਕਰਨ ਲਈ ਅਤੇ ਪ੍ਰਾਂਤ ਵਾਸਤੇ ਲੰਬੇ ਸਮੇਂ ਦੀ ਮਜ਼ਬੂਤ ਰਿਕਵਰੀ ਦੇ ਲਈ ਨੀਂਹ ਰੱਖਣ ਵਾਸਤੇ ਮਹੱਤਵਪੂਰਨ ਪ੍ਰੋਗਰਾਮ ਅਤੇ ਟੈਕਸ ਸੰਬੰਧੀ ਉਪਾਅ ਡਿਲਿਵਰ ਕਰਨ ਲਈ ਤਿੰਨ ਸਾਲਾਂ ਵਿੱਚ ਲੋੜੀਂਦੇ ਸਿਹਤ ਸਾਧਨ ਉਪਲਬਧ ਕਰਵਾਉਣ ਲਈ ਸਹਾਇਤਾ ਵਿੱਚ ਕੁਲ $45 ਬਿਲੀਅਨ ਦਾ ਬੰਦੋਬਸਤ ਕਰ ਰਹੀ ਹੈ।

## ਰੱਖਿਆ ਕਰਨਾ

ਸਭ ਕੁਝ ਮਿਲਾ ਕੇ, ਓਨਟੈਰੀਓ ਦੀ ਕੋਵਿਡ-19 ਸਿਹਤ ਪ੍ਰਤੀਕਿਰਿਆ ਹੁਣ ਅਨੁਮਾਨਤ $15.2 ਬਿਲਿਅਨ ਹੈ। ਸਰਕਾਰ ਇਹ ਸੁਨਿਸ਼ਚਿਤ ਕਰਨ ਲਈ 2021-22 ਵਿੱਚ $4 ਬਿਲੀਅਨ ਅਤੇ 2022-2023 ਵਿੱਚ ਹੋਰ $2 ਬਿਲੀਅਨ ਮੁਹੱਈਆ ਕਰ ਰਹੀ ਹੈ ਕਿ ਸੂਬਾ ਮਹਾਮਾਰੀ ਵਿਰੁੱਧ ਲੜਾਈ ਵਿੱਚ ਬਦਲਦੀਆਂ ਲੋੜਾਂ ਪ੍ਰਤੀ ਪ੍ਰਤੀਕਿਰਿਆਸ਼ੀਲ ਰਹਿ ਸਕਦਾ ਹੈ। 2021-21 ਖਰਚੇ ਵਿੱਚ ਸੂਬੇ ਦੀ *ਫੌਲ ਪ੍ਰਿਪੇਅਰਡਨੈਸ ਪਲਾਨ ਫੌਰ ਹੈਲਥ, ਲੌਂਗ ਟਰਮ ਕੇਅਰ ਐਂਡ ਐਜੁਕੇਸ਼ਨ* (*Fall Preparedness Plan for Health, Long-Term Care and Education*) - ਕੋਵਿਡ-19 ਦੀ ਦੂਸਰੀ ਲਹਿਰ ਦਾ ਜਵਾਬ ਦੇਣ ਲਈ ਦੇਸ਼ ਵਿੱਚ ਸਭ ਤੋਂ ਵਿਆਪਕ ਅਤੇ ਮਜ਼ਬੂਤ ਯੋਜਨਾ ਦਾ ਸਮਰਥਨ ਕਰਨ ਲਈ $2.8 ਬਿਲੀਅਨ ਸ਼ਾਮਲ ਹਨ। ਇਸ ਵਿੱਚ ਹਸਪਤਾਲ ਬੈੱਡਾਂ ਲਈ ਸਹਾਇਤਾ ਕਰਨ, ਸਰਜੀਕਲ ਬੈਕਲਾਗ ਨੂੰ ਸੰਬੋਧਿਤ ਕਰਨ ਅਤੇ ਵਾਧੂ ਇੰਨਫਲੂਐਂਜ਼ਾ ਵੈਕਸੀਨਾਂ ਖਰੀਦਣ ਲਈ ਅਤਿਰਿਕਤ ਫੰਡਿੰਗ ਵੀ ਸ਼ਾਮਲ ਹੈ।

ਸਰਕਾਰ ਟੈਸਟਿੰਗ, ਮੁਲਾਂਕਣ ਸੈਂਟਰਾਂ, ਲੈਬੋਟਰੀ ਅਤੇ ਮੈਡੀਕਲ ਸਾਜ਼ੋ- ਸਮਾਨ, ਅਤੇ ਪੀਪੀਈ ਸਮੇਤ ਕੋਵਿਡ-19 ਦੇ ਅਤਿਰਿਕਤ ਖਰਚਿਆਂ ਵਿੱਚ ਸਹਾਇਤਾ ਕਰਨ ਲਈ ਓਨਟੈਰੀਓ ਦੇ ਹਸਪਤਾਲਾਂ ਵਿੱਚ $572ਮਿਲੀਅਨ ਦਾ ਅਤਿਰਿਕਤ ਨਿਵੇਸ਼ ਵੀ ਕਰ ਰਹੀ ਹੈ। ਇਹ ਹਸਪਤਾਲਾਂ ਵਿੱਚ ਕੁਲ ਫੰਡਿੰਗ ਨੂੰ ਜੋ ਪਿਛਲੇ ਸਾਲ ਮੁਹੱਈਆ ਕੀਤਾ ਗਿਆ ਸੀ ਤੋਂ ਵਧਾ ਕੇ $2.5 ਬਿਲੀਅਨ ਤੋਂ ਵੱਧ ਤੇ ਲੈ ਆਉਂਦਾ ਹੈ। ਸੂਬਾ ਨਵੇਂ ਅਤੇ ਵਿਸਤ੍ਰਿਤ ਹਸਪਤਾਲ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ਲਈ ਅਤੇ ਸਾਰੇ ਓਨਟੈਰੀਓ ਵਿੱਚ ਹਸਪਤਾਲਾਂ ਦੇ ਆਧੁਨਿਕੀਕਰਨ ਵਿੱਚ ਸਹਾਇਤਾ ਕਰਨ ਲਈ ਮੁਰੰਮਤਾਂ ਅਤੇ ਰਖ ਰਖਾਅ ਸਮੇਤ ਤਾਗੀਦੀ ਅੱਪਗਰੇਡਾਂ ਨੂੰ ਸੰਬੋਧਿਤ ਕਰਨ ਲਈ 10 ਸਾਲਾਂ ਵਿੱਚ ਪੂੰਜੀ ਗ੍ਰਾਂਟਾਂ ਵਿੱਚ $18 ਬਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਿਹਾ ਹੈ।

ਲੌਂਗ ਟਰਮ ਕੇਅਰ ਵਿਚਲੇ ਅਜ਼ੀਜ਼ਾਂ ਦੀ ਕੋਵਿਡ-19 ਦੀ ਦੂਸਰੀ ਲਹਿਰ ਤੋਂ ਰੱਖਿਆ ਕਰਨ ਲਈ, ਅਤੇ ਸਿਸਟਮ ਵਿੱਚ ਲੰਬੇ ਸਮੇਂ ਤੋਂ ਮੌਜੂਦ ਮੁੱਦਿਆਂ ਨੂੰ ਸੰਬੋਧਿਤ ਕਰਨ ਲਈ, ਓਨਟੈਰੀਓ ਲਾਗ ਦੀ ਰੋਕਥਾਮ ਅਤੇ ਨਿਯੰਤ੍ਰਣ ਨੂੰ ਸੁਧਾਰਨ ਲਈ ਆਵੱਸ਼ਕ ਨਵੀਨੀਕਰਨਾਂ ਅਤੇ ਉਪਾਵਾਂ ਨੂੰ ਯੋਗ ਕਰਨ ਲਈ, ਹੋਰ ਪਰਸਨਲ ਪ੍ਰੋਟੈਕਟਿਵ ਇਕਵਿਪਮੈਂਟ (ਪੀਪੀਈ) ਦੀ ਖਰੀਦ ਦੀ ਇਜਾਜ਼ਤ ਦੇਣ ਲਈ, ਅਤੇ ਮਜ਼ਬੂਤ ਸਿਹਤ ਦੇਖਭਾਲ ਕਾਰਜਬਲ ਦਾ ਨਿਰਮਾਣ ਕਰਨ ਵਾਸਤੇ  ਅੱਧਾ ਬਿਲੀਅਨ ਡਾਲਰ ਮੁਹੱਈਆ ਕਰ ਰਿਹਾ ਹੈ। ਜਦੋਂ ਓਨਟੈਰੀਓ ਦੀ Long-Term Care COVID-19 Commission ਉਸਦੀ ਸਮੀਖਿਆ ਨੂੰ ਪੂਰਾ ਕਰ ਰਹੀ ਹੈ, ਸਰਕਾਰ ਓਨਟੈਰੀਓ ਦੇ ਸਭ ਤੋਂ ਕਮਜ਼ੋਰ ਲੋਕਾਂ ਦੀ ਰੱਖਿਆ ਕਰਨ ਲਈ ਫੌਰੀ ਤੌਰ 'ਤੇ ਕਾਰਵਾਈ ਕਰ ਰਹੀ ਹੈ। ਸੂਬੇ ਦੀ ਇੱਕ ਨਰਸ ਜਾਂ ਪਰਸਨਲ ਸਪੋਰਟ ਵਰਕਰ (ਪੀਐਸਡਬਲਿਊ) ਵਲੋਂ ਲੌਂਗ-ਟਰਮ ਕੇਅਰ ਨਿਵਾਸੀਆਂ ਵਾਸਤੇ ਔਸਤ ਸਿੱਧੀ ਰੋਜ਼ਾਨਾ ਦੇਖਭਾਲ ਨੂੰ ਚਾਰ ਘੰਟਿਆਂ ਪ੍ਰਤੀ ਦਿਨ ਤੱਕ ਵਧਾਉਣ ਦੀ ਯੋਜਨਾ ਹੈ। ਇਸ ਵਾਧੂ ਦੇਖਭਾਲ ਨੂੰ ਅਗਲੇ ਚਾਰ ਸਾਲਾਂ ਵਿੱਚ ਹੌਲੀ ਹੌਲੀ ਲਾਗੂ ਕੀਤਾ ਜਾਵੇਗਾ ਅਤੇ ਇਹ ਓਨਟੈਰੀਓ ਨੂੰ ਕਨੇਡੀਅਨ ਸੂਬਿਆਂ ਵਿੱਚ ਲੀਡਰ ਬਣਾਏਗੀ। ਇਸ ਉਤਸ਼ਾਹੀ ਯੋਜਨਾ ਦੇ ਲਈ, ਹਜ਼ਾਰਾਂ ਦੀ ਗਿਣਤੀ ਵਿਚ ਨਵੇਂ ਸਟਾਫ ਨੂੰ ਭਰਤੀ ਕਰਨ ਅਤੇ ਸਿਖਲਾਈ ਦੇਣ ਸਮੇਤ, ਲੌਂ-ਟਰਮ ਕੇਅਰ ਦੇਖਭਾਲ ਸੈੱਕਟਰ ਵਿੱਚ ਮਹੱਤਵਪੂਰਨ ਤਬਦੀਲੀਆਂ ਦੇ ਲੋੜ ਹੋਵੇਗੀ।

Minister Phillips ਨੇ ਕਿਹਾ, "ਮਹਾਮਾਰੀ ਦੇ ਪਹਿਲੇ ਦਿਨ ਤੋਂ, ਲੋਕਾਂ ਦੀ ਰੱਖਿਆ ਕਰਨਾ ਸਾਡੀ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ ਰਹੀ ਹੈ।" "ਕੋਵਿਡ-19 ਦੇ ਸਿਹਤ ਜੋਖਮਾਂ ਦਾ ਨਿਹਾਇਤ ਗੰਭੀਰ ਰਹਿਣਾ ਜਾਰੀ ਹੈ। ਅਸੀਂ ਲੌਂਗ ਟਰਮ ਕੇਅਰ ਵਿਚਲੇ ਸਾਡੇ ਅਜ਼ੀਜ਼ਾਂ ਅਤੇ ਸਾਡੇ ਫਰੰਟਲਾਈਨ ਸਿਹਤ ਦੇਖਭਾਲ ਹੀਰੋਆਂ ਸਮੇਤ ਲੋਕਾਂ ਨੂੰ ਦੂਸਰੀ ਲਹਿਰ ਅਤੇ ਉਸ ਤੋਂ ਬਾਅਦ ਸੁਰੱਖਿਅਤ ਰੱਖਣ ਲਈ ਹਰੇਕ ਆਵੱਸ਼ਕ ਸਾਧਨ ਮੁਹੱਈਆ ਕਰ ਰਹੇ ਹਾਂ।"

## ਸਹਾਇਤਾ ਕਰਨਾ

ਹੁਣ ਸਰਕਾਰ ਓਨਟੈਰੀਓ ਦੀ ਕਾਰਵਾਈ ਯੋਜਨਾ ਦੇ ਹਿੱਸੇ ਵਜੋਂ ਲੋਕਾਂ ਅਤੇ ਨੌਕਰੀਆਂ ਸਿਰਜਣ ਕਰਨ ਵਾਲੇ ਲੋਕਾਂ ਲਈ ਕੁਲ ਸਹਾਇਤਾ ਵਿੱਚ ਅਨੁਮਾਨਿਤ $13.5  ਬਿਲੀਅਨ ਡਿਲਿਵਰ ਕਰ ਰਹੀ ਹੈ। ਇਹ ਵਾਧੂ ਰਾਹਤ ਸੁਨਿਸ਼ਚਿਤ ਕਰੇਗੀ ਕਿ ਪਰਿਵਾਰਾਂ, ਬਜ਼ੁਰਗਾਂ, ਕਾਰੋਬਾਰਾਂ ਅਤੇ ਕਾਮਿਆਂ ਨੂੰ ਕੋਵਿਡ -19 ਦੀ ਦੂਸਰੀ ਲਹਿਰ ਅਤੇ ਉਸ ਤੋਂ ਬਾਅਦ ਸਹਾਇਤਾ ਮੁਹੱਈਆ ਕੀਤੀ ਜਾਂਦੀ ਹੈ।

ਕੋਵਿਡ-19 ਦੇ ਕੁਝ ਅਤਿਰਿਕਤ ਖਰਚਿਆਂ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ, ਮਾਤਾ-ਪਿਤਾ ਇੱਕ ਵਾਰੀ ਫਿਰ 12 ਸਾਲ ਤੋਂ ਘੱਟ ਉਮਰ ਦੇ ਪ੍ਰਤੀ ਬੱਚੇ ਦੇ ਲਈ $200 ਅਤੇ ਖਾਸ ਲੋੜਾਂ ਵਾਲੇ 21 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਕਿਸ਼ੋਰਾਂ ਵਾਸਤੇ $250 ਪ੍ਰਾਪਤ ਕਰਨਗੇ। ਇਸਦਾ ਮਤਲਬ ਹੈ ਕਿ ਤਿੰਨ ਛੋਟੇ ਬੱਚਿਆਂ, ਜਿਸ ਵਿੱਚੋਂ ਇੱਕ ਦੀਆਂ ਖਾਸ ਲੋੜਾਂ ਹਨ, ਵਾਲਾ ਪਰਿਵਾਰ, 2020 ਵਿੱਚ $1,300 ਪ੍ਰਾਪਤ ਕਰੇਗਾ।

ਸਰਕਾਰ ਬਜ਼ੁਰਗਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਵੱਧ ਸਮੇਂ ਲਈ ਉਨ੍ਹਾਂ ਦੇ ਘਰਾਂ ਵਿੱਚ ਰਹਿਣ ਦੀ ਇਜਾਜ਼ਤ ਦੇ ਲਈ ਮਹੱਤਵਪੂਰਨ ਕਦਮ ਉਠਾ ਰਹੀ ਹੈ। ਸੂਬਾ 2021 ਟੈਕਸ ਸਾਲ ਦੇ ਲਈ ਇੱਕ ਨਵਾਂ ਸੀਨੀਅਰਜ਼ ਹੋਮ ਸੇਫਟੀ ਟੈਕਸ ਕ੍ਰੈਡਿਟ (Seniors' Home Safety Tax Credit) ਦਾ ਪ੍ਰਸਤਾਵ ਰੱਖ ਰਿਹਾ ਹੈ, ਜਿਹੜਾ $10,000 ਤੱਕ ਦੇ ਯੋਗ ਨਵੀਨੀਕਰਨਾਂ ਤੇ ਪ੍ਰਤੀਸ਼ਤ ਕ੍ਰੈਡਿਟ ਮੁਹੱਈਆ ਕਰੇਗਾ।  ਬਜ਼ੁਰਗ ਉਨ੍ਹਾਂ ਦੀਆਂ ਆਮਦਨੀਆਂ ਅਤੇ ਜੇ 2021 ਵਾਸਤੇ ਉਨ੍ਹਾਂ ਵਲੋਂ ਇਨਕਮ ਟੈਕਸ ਬਕਾਇਆ ਹੈ ਦੀ ਪਰਵਾਹ ਕੀਤੇ ਬਿਨਾਂ ਯੋਗ ਹੋਣਗੇ। ਅਜਿਹੇ ਪਰਿਵਾਰਕ ਸਦੱਸ ਜਿੰਨ੍ਹਾਂ ਦੇ ਨਾਲ ਇੱਕ ਬਜ਼ੁਰਗ ਰਹਿ ਰਿਹਾ ਹੈ ਵੀ ਯੋਗ ਹੋਣਗੇ।

ਓਨਟੈਰੀਓ ਸਰਕਾਰ ਦਾ ਨੌਕਰੀਆਂ ਸਿਰਜਣ ਵਾਲਿਆਂ ਨੂੰ ਇਸ ਅਪੂਰਵ ਸਮੇਂ ਵਿੱਚੋਂ ਸਹਾਇਤਾ ਕਰਨ ਲਈ ਵਚਨਬੱਧ ਰਹਿਣਾ ਜਾਰੀ ਹੈ। ਸਰਕਾਰ ਅਜਿਹੇ ਖੇਤਰਾਂ ਵਿੱਚ ਯੋਗ ਕਾਰੋਬਾਰਾਂ ਦੇ ਲਈ ਰਾਹਤ ਵਿੱਚ $300 ਮਿਲੀਅਨ ਮੁਹੱਈਆ ਕਰ ਰਹੀ ਹੈ ਜਿਥੇ ਸੂਬਾ ਨਿਰਧਾਰਤ ਕਰਦਾ ਹੈ ਕਿ ਸੋਧੀਆਂ ਗਈਆਂ ਸਟੇਜ 2 ਪਬਲਿਕ ਹੈਲਥ ਪਾਬੰਦੀਆਂ ਆਵੱਸ਼ਕ ਹਨ, ਜਾਂ ਅਗੇ ਵੱਧਦੇ ਹੋਏ, ਕੰਟ੍ਰੋਲ ਜਾਂ ਲੌਕਡਾਊਨ ਦੀ ਤਰ੍ਹਾਂ ਸ਼੍ਰੇਣੀਬੱਦ ਕੀਤੇ ਗਏ ਖੇਤਰ। ਇਹ ਪ੍ਰਾਪਰਟੀ ਟੈਕਸਾਂ ਅਤੇ ਊਰਜਾ ਬਿਲਾਂ ਵਰਗੇ ਬੱਝਵੇਂ ਖਰਚਿਆਂ ਨੂੰ ਕਵਰ ਕਰਨ ਵਿੱਚ ਸਹਾਇਤਾ ਕਰੇਗਾ। ਸਰਕਾਰ ਅਗਲੇ ਦੋ ਸਾਲਾਂ ਵਿੱਚ ਉਭਰਦੀਆਂ ਲੋੜਾਂ ਪ੍ਰਤੀ ਪ੍ਰਤੀਕਿਰਿਆਸ਼ੀਲ ਰਹਿਣ ਅਤੇ ਓਨਟੈਰੀਓ ਦੇ ਲੋਕਾਂ ਲਈ ਸਹਾਰੇ ਮੁਹੱਈਆ ਕਰਨਾ ਜਾਰੀ ਰੱਖਣ ਲਈ ਸਪੋਰਟ ਫੌਰ ਪੀਪਲ ਐਂਡ ਜੌਬਜ਼ ਫੰਡ (Support for People and Jobs Fund) ਵਿੱਚ ਅਤਿਰਿਕਤ $1.8 ਬਿਲੀਅਨ ਵੀ ਮੁਹੱਈਆ ਕਰ ਰਹੀ ਹੈ।

Minister Phillips ਨੇ ਕਿਹਾ, "ਕੋਵਿਡ-19 ਗਲੋਬਲ ਮੰਦੀ ਦਾ ਕਾਰਨ ਹੈ ਅਤੇ ਓਨਟੈਰੀਓ ਉਸ ਤੋਂ ਬਚਿਆ ਨਹੀਂ ਰਿਹਾ ਹੈ।" "ਹਰੇਕ ਆਰਥਿਕ ਅੰਕੜਾ ਇੱਕ ਅਜਿਹੇ ਵਿਅਕਤੀ ਦੀ ਨੁਮਾਇੰਦਗੀ ਕਰਦਾ ਹੈ ਜਿਸ ਨੇ ਉਨ੍ਹਾਂ ਦੀ ਨੌਕਰੀ ਗੁਆ ਦਿੱਤੀ ਹੈ, ਛੋਟੇ ਕਾਰੋਬਾਰ ਦਾ ਚਿੰਤਤ ਮਾਲਕ ਜਾਂ ਇੱਕ ਅਜਿਹਾ ਪਰਿਵਾਰ ਜਿਹੜਾ ਖਰਚੇ ਪੂਰੇ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਅੱਜ ਅਸੀਂ ਅਜਿਹੇ ਲੋਕਾਂ ਵਾਸਤੇ ਇੱਕ ਨਵਾਂ ਸਹਾਰਾ ਮੁਹੱਈਆ ਕਰ ਰਹੇ ਹਾਂ ਜਿਹੜੇ ਸਭ ਤੋਂ ਸਖਤ ਢੰਗ ਨਾਲ ਪ੍ਰਭਾਵਿਤ ਹੋਏ ਹਨ, ਜਿਸ ਵਿੱਚ ਸ਼ਾਮਲ ਹਨ ਮਾਤਾ-ਪਿਤਾ, ਬਜ਼ੁਰਗ ਅਤੇ ਛੋਟੇ ਕਾਰੋਬਾਰਾਂ ਦੇ ਮਾਲਕ, ਜੋ ਪਹਿਲਾਂ ਹੀ ਮੁਹੱਈਆ ਕੀਤਾ ਜਾ ਚੁੱਕਾ ਹੈ ਤੇ ਅਗੇ ਹੋਰ ਕੰਮ ਕਰਦੇ ਹੋਏ।"

## ਮੁੜ ਪ੍ਰਾਪਤ ਕਰਨਾ

ਜਦਕਿ ਕੋਵਿਡ-19 ਅਨੁਮਾਨਯੋਗ ਭਵਿੱਖ ਦੇ ਲਈ ਓਨਟੈਰਿਓ ਅਤੇ ਪੂਰੀ ਦੁਨੀਆਂ ਨੂੰ ਪ੍ਰਭਾਵਿਤ ਕਰੇਗਾ, *2020 Budget* ਵਾਧੇ ਦੀ ਸਹਾਇਤਾ ਦੇ ਨਾਲ ਮਜ਼ਬੂਤ ਆਰਥਿਕ ਰਿਕਵਰੀ ਦੇ ਲਈ ਨੀਂਹ ਦੇ ਨਿਰਮਾਣ ਦੀ ਸ਼ੁਰੂਆਤ ਕਰਦਾ ਹੈ। ਸਰਕਾਰ ਓਨਟੈਰੀਓ ਨੂੰ ਕੋਵਿਡ-19 ਤੋਂ ਮਜ਼ਬੂਤ ਰਿਕਵਰੀ ਤੋਂ ਰੋਕਣ ਵਾਲੀਆਂ ਰੁਕਾਵਟਾਂ ਨੂੰ ਹਟਾਉਂਦੇ ਹੋਏ, ਅਜਿਹੀਆਂ ਪਹਿਲਾਂ ਵਿੱਚ $4.8 ਬਿਲੀਅਨ ਦਾ ਨਿਵੇਸ਼ ਕਰਨ ਲਈ ਵੀ ਯੋਜਨਾਬੰਦੀ ਕਰ ਰਹੀ ਹੈ ਜਿਹੜੇ ਹੁਣ ਨੌਕਰੀਆਂ ਦਾ ਸਮਰਥਨ ਕਰਨਗੀਆਂ। ਸਰਕਾਰ ਦੁਆਰਾ ਪ੍ਰਸਤਾਵਿਤ ਪ੍ਰਮੁੱਖ ਪਹਿਲਾਂ ਵਿੱਚ ਨੌਕਰੀਆਂ ਨੂੰ ਖਤਮ ਕਰਨ ਵਾਲੀਆਂ ਬਿਜਲੀ ਦੀਆਂ ਕੀਮਤਾਂ, ਨੌਕਰੀਆਂ ਤੇ ਟੈਕਸਾਂ ਨੂੰ ਘਟਾਉਣਾ, ਸੇਵਾ ਤੱਕ ਪਹੁੰਚ ਨਾ ਹੋਣ ਵਾਲੇ ਅਤੇ ਘੱਟ ਸੇਵਾਵਾਂ ਵਾਲੇ ਭਾਈਚਾਰਿਆਂ ਨੂੰ ਬਰੌਡਬੈਂਡ ਬੁਨਿਆਦੀ ਢਾਂਚੇ ਵਿੱਚ ਇਤਿਹਾਸਿਕ ਨਿਵੇਸ਼ ਦੇ ਨਾਲ ਜੋੜਨਾ ਅਤੇ ਕਾਮਿਆਂ - ਜਿਸ ਵਿੱਚ ਮਹਾਮਾਰੀ ਨਾਲ ਪ੍ਰਭਾਵਿਤ ਲੋਕ, ਜਿਵੇਂ ਕਿ ਟੂਰੀਜ਼ਮ ਅਤੇ ਹੌਸਪੀਟੈਲਿਟੀ ਕਾਮੇ ਸ਼ਾਮਲ ਹਨ - ਨੂੰ ਉਨ੍ਹਾਂ ਨੂੰ ਉੱਚ - ਮੰਗ ਵਾਲੇ ਹੁਨਰਾਂ ਦੀ ਲੋੜ ਵਾਲੀਆਂ ਨੌਕਰੀਆਂ ਨਾਲ ਜੁੜਨ ਵਿੱਚ ਸਹਾਇਤਾ ਕਰਨ ਲਈ ਹੁਨਰ ਸੰਬੰਧੀ ਸਿਖਲਾਈ ਮੁਹੱਈਆ ਕਰਨਾ ਸ਼ਾਮਲ ਹਨ।

ਸਰਕਾਰ ਨੌਕਰੀ ਸਿਰਜਣ ਵਾਲਿਆਂ ਵਾਸਤੇ ਟੈਕਸਾਂ ਨੂੰ ਘਟਾਉਣ ਅਤੇ ਉੱਚੇ ਸੂਬਾਈ ਕਾਰੋਬਾਰੀ ਪ੍ਰਾਪਰਟੀ ਟੈਕਸ ਰੇਟਾਂ ਨੂੰ 200,000 ਸੰਪਤੀਆਂ - ਸੂਬੇ ਵਿਚਲੀਆਂ ਸਾਰੀਆਂ ਕਾਰੋਬਾਰੀ ਸੰਪਤੀਆਂ ਦੇ 94 ਪ੍ਰਤੀਸ਼ਤ ਲਈ 0.88 ਪ੍ਰਤੀਸ਼ਤ ਦੇ ਰੇਟ ਤੱਕ ਘਟਾ ਕੇ ਸਥਿਤੀ ਨੂੰ ਸਾਰੇ ਸ਼ਾਮਲ ਲੋਕਾਂ ਵਾਸਤੇ ਨਿਰਪੱਖ ਬਣਾਉਣ ਲਈ ਵੀ ਤੁਰੰਤ ਕਾਰਵਾਈ ਕਰ ਰਹੀ ਹੈ। ਇਹ ਅਨੇਕ ਰੋਜ਼ਗਾਰਦਾਤਾਵਾਂ ਦੇ ਲਈ 30 ਪ੍ਰਤੀਸ਼ਤ ਦੀ ਕਮੀ ਦਰਸਾਉਂਦੇ ਹੋਏ, 2021 ਵਿੱਚ ਸਾਲਾਨਾ ਬਚਤ ਵਿੱਚ $450 ਮਿਲੀਅਨ ਉਤਪੰਨ ਕਰੇਗਾ।

ਓਨਟੈਰੀਓ ਕੋਵਿਡ-19 ਨਾਲ ਸਭ ਤੋਂ ਵੱਧ ਪ੍ਰਭਾਵਿਤ ਰੋਜ਼ਗਾਰਦਾਤਾਵਾਂ ਦੇ ਲਈ ਅਤਿਰਿਕਤ ਸਹਾਇਤਾ ਮੁਹੱਈਆ ਕਰਨ ਲਈ ਇੱਕ ਹੋਰ ਕਦਮ ਅਗੇ ਵੱਧ ਰਿਹਾ ਹੈ। ਸਰਕਾਰ ਨੇ ਕਈ ਨਗਰਪਾਲੀਕਾਵਾਂ ਤੋਂ ਸੁਣਿਆ ਹੈ ਕਿ ਉਹ ਉਨ੍ਹਾਂ ਦੇ ਭਾਈਚਾਰੇ ਵਿੱਚ ਨੌਕਰੀਆਂ ਸਿਰਜਣ ਵਾਲਿਆਂ ਵਾਸਤੇ ਵੱਧ ਨਿਰਦੇਸ਼ਿਤ ਟੈਕਸ ਰਾਹਤ ਮੁਹੱਈਆ ਕਰਨ ਲਈ ਵਾਧੂ ਸੰਦ ਚਾਹੁੰਦੇ ਹਨ। ਓਨਟੈਰੀਓ ਨਗਰਪਾਲੀਕਾਵਾਂ ਨੂੰ ਛੋਟੇ ਕਾਰੋਬਾਰਾਂ ਦੇ ਲਈ ਪ੍ਰਾਪਰਟੀ ਟੈਕਸ ਵਿੱਚ ਕਟੌਤੀ ਕਰਨ ਦੀ ਸਮਰੱਥਾ ਦੇਣ ਅਤੇ ਇੰਨ੍ਹਾਂ ਕਟੌਤੀਆਂ ਨੂੰ ਮੈਚ ਕਰਨ ਲਈ ਸੂਬਾਈ ਵਚਨਬੱਧਤਾ ਤੇ ਵਿਚਾਰ ਕਰਨ ਦਾ ਪ੍ਰਸਤਾਵ ਦੇਕੇ ਸਥਾਨਕ ਸਰਕਾਰਾਂ ਵਲੋਂ ਬੇਨਤੀਆਂ ਦਾ ਜਵਾਬ ਦੇ ਰਿਹਾ ਹੈ। ਇਹ ਛੋਟੇ ਕਾਰੋਬਾਰਾਂ ਨੂੰ 2022-23 ਤੱਕ ਕੁਲ ਮਿਉਂਸੀਪਲ ਅਤੇ ਸੂਬਾਈ ਪ੍ਰਾਪਰਟੀ ਟੈਕਸ ਰਾਹਤ ਵਿੱਚ ਮਿਉਂਸੀਪਲ ਤੌਰ 'ਤੇ ਅਪਨਾਏ ਜਾਣ 'ਤੇ ਨਿਰਭਰ ਕਰਦੇ ਹੋਏ $385 ਮਿਲੀਅਨ ਤੱਕ ਮੁਹੱਈਆ ਕਰੇਗਾ।

ਸੂਬਾ ਇਮਪਲੋਇਰ ਹੈਲਥ ਟੈਕਸ (Employer Health Tax (EHT)) ਛੋਟ ਵਿੱਚ $490,000 ਤੋਂ $1 million ਤੱਕ ਵਾਧੇ ਨੂੰ ਸਥਾਈ ਬਣਾਉਣ ਦਾ ਪ੍ਰਸਤਾਵ ਦੇਕੇ 30,000 ਅਤਿਰਿਕਤ ਰੋਜ਼ਗਾਰਦਾਤਾਵਾਂ ਲਈ ਨੌਕਰੀਆਂ ਤੇ ਟੈਕਸ ਨੂੰ ਖਤਮ ਵੀ ਰਿਹਾ ਹੈ। ਇਹ ਨਿੱਜੀ-ਸੈੱਕਟਰ ਦੇ ਰੋਜ਼ਗਾਰਦਾਤਾਵਾਂ ਲਈ 2021-22 ਵਿੱਚ $360 ਮਿਲੀਅਨ ਦੀ ਬਚਤ ਕਰੇਗਾ ਜਿਸ ਦਾ ਨੌਕਰੀਆਂ ਅਤੇ ਵਾਧੇ ਵਿੱਚ ਮੁੜ ਨਿਵੇਸ਼ ਕੀਤਾ ਜਾ ਸਕਦਾ ਹੈ। ਇਸ ਅਤਿਰਿਕਤ ਰਾਹਤ ਦੇ ਨਾਲ ਰੋਜ਼ਗਾਰਦਾਤਾਵਾਂ ਵਿੱਚੋਂ ਲਗਭਗ 90 ਪ੍ਰਤੀਸ਼ਤ ਕੋਈ ਵੀ EHT ਦਾ ਭੁਗਤਾਨ ਨਹੀਂ ਕਰਨਗੇ।

ਜਦੋਂ ਰੋਜ਼ਗਾਰਦਾਤਾ ਕਾਰੋਬਾਰ ਕਰਨ ਵਾਸਤੇ ਸਥਾਨ ਦੀ ਤਰ੍ਹਾਂ ਓਨਟੈਰੀਓ ਵਲ ਦੇਖ ਰਹੇ ਹਨ, ਤਾਂ ਇਹ ਸਪਸ਼ਟ ਹੈ ਕਿ ਸੂਬੇ ਦੀਆਂ ਵਪਾਰਕ ਅਤੇ ਉਯੋਗਿਕ ਬਿਜਲੀ ਦੀਆਂ ਉੱਚੀਆਂ ਕੀਮਤਾਂ ਨਿਵੇਸ਼ ਲਈ ਰੁਕਾਵਟ ਹਨ ਜਿਸ ਕਰਕੇ ਉਨ੍ਹਾਂ ਵਿੱਚੋਂ ਕਈ ਕਿਧਰੇ ਹੋਰ ਚਲੇ ਜਾਂਦੇ ਹਨ। *2020 Budget* ਨੈਨ-ਹਾਇਡਰੋ ਨਵਿਆਉਣਯੋਗ ਊਰਜਾ ਨਿਰਮਾਤਾਵਾਂ ਦੇ ਨਾਲ ਓਨਟੈਰੀਓ ਦੇ ਉੱਚ-ਲਾਗਤ ਵਾਲੇ ਸਮਝੋਤਿਆਂ ਦੇ ਰੋਜ਼ਗਾਰਦਾਤਾਵਾਂ ਤੇ ਬੋਝ ਨੂੰ ਘਟਾਉਣ ਵਾਸਤੇ ਯੋਜਨਾ ਦੀ ਰੂਪ ਰੇਖਾ ਦਿੰਦੇ ਹੈ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਜਾਵੇਗਾ। 1 ਜਨਵਰੀ, 2021 ਤੋਂ ਸ਼ੁਰੂਆਤ ਕਰਕੇ, ਪਿਛਲੀ ਸਰਕਾਰ ਦੇ ਹੇਠ ਕੀਤੇ ਗਏ ਇੰਨ੍ਹਾਂ ਸਮਝੌਤਿਆਂ ਦੀ ਲਾਗਤ ਦੇ ਕੁਝ ਹਿੱਸੇ ਨੂੰ ਸੂਬੇ ਦੁਆਰਾ ਫੰਡ ਕੀਤਾ ਜਾਵੇਗਾ, ਰੇਟ ਅਦਾ ਕਰਨ ਵਾਲਿਆਂ ਦੁਆਰਾ ਨਹੀਂ। ਬਿਜਲੀ ਦੀ ਲਾਗਤ ਵਿੱਚ ਇਹ ਰਾਹਤ ਉਸ ਪੈਸੇ ਨੂੰ ਉਪਲਬਧ ਕਰਵਾਏਗੀ ਜਿਸ ਨੂੰ ਨੌਕਰੀਆਂ ਸਿਰਜਣ ਲਈ ਬਿਹਤਰ ਢੰਗ ਨਾਲ ਵਰਤਿਆ ਜਾ ਸਕਦਾ ਹੈ। ਦਰਮਿਆਨੇ-ਆਕਾਰ ਦੇ ਅਤੇ ਵੱਡੇ ਉਦਯੋਗਿਕ ਅਤੇ ਵਪਾਰਕ ਰੋਜ਼ਗਾਰਦਾਤਾ 2021 ਵਿੱਚ ਸ਼ੁਰੂਆਤ ਕਰਕੇ, ਉਨ੍ਹਾਂ ਦੇ ਬਿਲਾਂ ਵਿੱਚ ਕ੍ਰਮਵਾਰ ਔਸਤਨ 14 ਅਤੇ 16 ਪ੍ਰਤੀਸ਼ਤ ਦੀ ਬਚਤ ਕਰਨਗੇ। ਇਸਦਾ ਮਤਲਬ ਹੈ ਕਿ ਓਨਟੈਰੀਓ ਕੁਝ ਸਭ ਤੋਂ ਘੱਟ ਮੁਕਾਬਲੇਵਾਰ ਬਿਜਲੀ ਦੀਆਂ ਕੀਮਤਾਂ ਹੋਣ ਤੋਂ ਅਜਿਹੀਆਂ ਕੀਮਤਾਂ ਤੇ ਚਲਾ ਜਾਵੇਗਾ ਜਿਹੜੀਆਂ ਯੁਨਾਈਟਿਡ ਸਟੇਟਸ ਵਿੱਚ ਔਸਤ ਨਾਲੋਂ ਵੱਧ ਮੁਕਾਬਲੇਵਾਰ ਹਨ।

Minister Phillips ਨੇ ਕਿਹਾ, "ਓਨਟੈਰੀਓ ਵਿੱਚ ਸਾਡੇ ਸਾਰੇ ਲੋਕ ਦਾ ਧਿਆਨ ਕੋਵਿਡ-19 ਵਿੱਚੋਂ ਲੰਘਣ ਤੇ ਹੈ।" "ਅਜੇ ਵੀ ਗਲੋਬਲ ਮਹਾਮਾਰੀ ਦੇ ਨਾਲ ਨਜਿੱਠਣ ਦੌਰਾਨ ਭਵਿੱਖ ਬਾਰੇ ਸੋਚਣਾ ਮੁਸ਼ਕਲ ਹੋ ਸਕਦਾ ਹੈ, ਪਰ ਜੇ ਅਸੀਂ ਸਭ ਆਪਣਾ ਹਿੱਸਾ ਕਰੀਏ, ਤਾਂ ਕੋਵਿਡ-19 ਅੰਤ ਵਿੱਚ ਸਾਡੇ ਤੋਂ ਪਿੱਛੇ ਰਹਿ ਜਾਵੇਗਾ। ਨੌਕਰੀਆਂ ਸਿਰਜਣ ਲਈ ਆਵੱਸ਼ਕ ਵਾਧੇ ਲਈ ਰੁਕਾਵਟਾਂ ਨੂੰ ਹਟਾਉਣਾ ਸਾਡੀ ਸਰਕਾਰ ਦੀ ਜ਼ਿੰਮੇਵਾਰੀ ਹੈ। ਬਾਕੀ ਸਾਰੀ ਦੁਨੀਆਂ ਦੇ ਰਿਕਵਰ ਕਰਨ ਦੌਰਾਨ ਜੇ ਓਨਟੈਰੀਓ ਪਿੱਛੇ ਰਹਿ ਜਾਂਦਾ ਹੈ ਤਾ ਉਸਦੀ ਲਾਗਤ ਬਹੁਤ ਹੀ ਜ਼ਿਆਦਾ ਹੈ। ਅਸੀਂ ਇੰਤਜ਼ਾਰ ਕਰਨਾ ਬਰਦਾਸ਼ਤ ਨਹੀਂ ਕਰ ਸਕਦੇ।"

*2020 Budget* ਸਭ ਤੋਂ ਤਾਜ਼ਾ ਆਰਥਿਕ ਅਨੁਮਾਨਾਂ ਤੇ ਅਧਾਰਿਤ ਸਮੇਂ ਦੀ ਦਰਮਿਆਨੀ ਮਿਆਦ ਦੀ ਲਚਕੀਲੀ ਵਿੱਤੀ ਯੋਜਨਾ ਦੀ ਰੂਪਰੇਖਾ ਦੇ ਕੇ ਅਨਿਸ਼ਚਿਤਤਾ ਵਾਲੀ ਦੁਨੀਆਂ ਵਿੱਚ ਪਾਰਦਰਸ਼ਤਾ ਮੁਹੱਈਆ ਕਰਦਾ ਹੈ। ਇਹ, ਇਹ ਦਰਸਾਉਂਦੇ ਹੋਏ ਵਿਕਲਪਿਕ ਦ੍ਰਿਸ਼ ਵੀ ਪੇਸ਼ ਕਰਦਾ ਹੈ ਕਿ ਆਰਥਿਕ ਰਿਕਵਰੀ ਦੀ ਗਤੀ 'ਤੇ ਨਿਰਭਰ ਕਰਦੇ ਹੋਏ ਸੂਬੇ ਦੀ ਵਿੱਤੀ ਆਉਟਲੁੱਕ ਕਿਵੇਂ ਬਦਲ ਸਕਦੀ ਹੈ। ਸਰਕਾਰ 2020-21 ਲਈ $38.5 ਬਿਲੀਅਨ ਦੇ ਘਾਟੇ ਦਾ ਪੂਰਵਅਨੁਮਾਨ ਲਗਾ ਰਹੀ ਹੈ, ਜਿਹੜਾ *2020–21 First Quarter Finances (2020-21 ਫਸਟ ਕੁਆਟਰ ਫਾਈਨੈਂਸਿਜ਼)* ਦੇ ਸਮੇਂ ਤੇ ਭਵਿੱਖਬਾਣੀ ਕੀਤੇ ਗਏ ਘਾਟੇ ਤੋਂ ਬਦਲਿਆ ਨਹੀਂ ਹੈ ਅਤੇ ਕੋਵਿਡ-19 ਵਿਰੁੱਧ ਲੜਾਈ ਲਈ ਆਵੱਸ਼ਕ ਖਰਚੇ ਨੂੰ ਝਲਕਾਉਂਦਾ ਹੈ। ਸਮੇਂ ਦੀ ਦਰਮਿਆਨੀ ਮਿਆਦ ਦੇ ਦੌਰਾਨ, ਸਰਕਾਰ 2021-22 ਵਿੱਚ $33.1 ਬਿਲੀਅਨ ਅਤੇ 2022-23 ਵਿੱਚ $28.2 ਬਿਲੀਅਨ ਦੇ ਲਗਾਤਾਰ ਘੱਟਦੇ ਹੋਏ ਘਾਟਿਆਂ ਦੀ ਭਵਿੱਖਬਾਣੀ ਕਰ ਰਹੀ ਹੈ। ਗਲੋਬਲ ਮਹਾਮਾਰੀ ਦੀ ਜਾਰੀ ਅਨਿਸ਼ਚਿਤਤਾ ਨੂੰ ਸਵੀਕਾਰ ਕਰਦੇ ਹੋਏ, ਸਰਕਾਰ ਦੀ 31 ਮਾਰਚ, 2021 ਤੱਕ ਸੰਤੁਲਨ ਤੱਕ ਪਥ ਸਮੇਤ *2021 Budget (2021 ਬਜਟ)* ਵਿੱਚ ਬਹੁ-ਸਾਲਾ ਯੋਜਨਾ ਟੇਬਲ ਕਰਨ ਦੀ ਯੋਜਨਾ ਹੈ।

## *ਓਨਟੈਰੀਓ ਦੀ ਕਾਰਵਾਈ ਯੋਜਨਾ ਦੀਆਂ ਹਾਈਲਾਈਟਾਂ: ਰੱਖਿਆ ਕਰਨਾ, ਸਹਾਇਤਾ ਕਰਨਾ, ਮੁੜ ਪ੍ਰਾਪਤ ਕਰਨਾ:*

**ਰੱਖਿਆ ਕਰਨਾ** - ਕੋਵਿਡ-19 ਪ੍ਰਤੀ ਸਰਕਾਰ ਦੀ ਤਾਗੀਦੀ ਪ੍ਰਤਿਕਿਰਿਆ ਵਾਸਤੇ, ਨਵੀਂ ਫੰਡਿੰਗ ਵਿੱਚ $7.5 ਬਿਲੀਅਨ ਦੇ ਨਾਲ, $15.2 ਬਿਲੀਅਨ। ਨਵੀਂ ਫੰਡਿੰਗ ਦੀਆਂ ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਚਾਰ ਸਾਲਾਂ ਦੀ ਮਿਆਦ ਵਿੱਚ, ਇੱਕ ਨਰਸ ਜਾਂ ਪਰਸਨਲ ਸਪੋਰਟ ਵਰਕਰ (ਪੀਐਸਡਬਲਿਊ) ਵਲੋਂ ਪ੍ਰਤੀ ਲੌਂਗ ਟਰਮ ਕੇਅਰ ਨਿਵਾਸੀ ਵਾਸਤੇ ਔਸਤ ਸਿੱਧੀ ਰੋਜ਼ਾਨਾ ਦੇਖਭਾਲ ਨੂੰ ਚਾਰ ਘੰਟਿਆਂ ਪ੍ਰਤੀ ਦਿਨ ਤੱਕ ਵਧਾਉਣਾ, ਓਨਟੈਰੀਓ ਨੂੰ ਸਾਡੇ ਬਜ਼ੁਰਗਾਂ ਦੀ ਰੱਖਿਆ ਕਰਨ ਵਿੱਚ ਕਨੇਡੀਅਨ ਸੂਬਿਆਂ ਵਿੱਚ ਲੀਡਰ ਬਣਾਉਂਦੇ ਹੋਏ।
- ਲੋਕਾਂ ਦੀ ਸਿਹਤ ਦੀ ਰੱਖਿਆ ਕਰਨ ਵਾਸਤੇ ਸਮਰਪਿਤ ਸਹਾਇਤਾ ਮੁਹੱਈਆ ਕਰਨ ਲਈ ਅਤੇ ਕੋਵਿਡ-19 ਮਹਾਮਾਰੀ ਵਿਰੁੱਧ ਲੜਾਈ ਦਾ ਸਮਰਥਨ ਕਰਨ ਵਾਸਤੇ 2021-22 ਵਿੱਚ $4 ਬਿਲੀਅਨ ਅਤੇ 2022-2023 ਵਿੱਚ ਹੋਰ $2 ਬਿਲੀਅਨ ਮੁਹੱਈਆ ਕਰਨਾ।
- ਨਵੇਂ ਐਮਰਜੈਂਸੀ ਰੂਮ, ਸਟੇਟ-ਔਫ-ਦ-ਆਰਟ ਡਾਇਗਨੋਸਟਿਕ ਇਮੇਜਿੰਗ ਅਤੇ ਓਪਰੇਟਿੰਗ ਰੂਮਾਂ ਦੇ ਨਾਲ ਨਵੀਂ Cortellucci Vaughan Hospital ਸਾਈਟ ਖੋਲ੍ਹਣਾ। ਇਹ ਪਿਛਲੇ 30 ਸਾਲਾਂ ਵਿੱਚ ਓਨਟੈਰੀਓ ਵਿੱਚ ਖੁਲ੍ਹਣ ਵਾਲਾ ਨਵਾਂ ਬਣਾਇਆ ਗਿਆ ਪਹਿਲਾ ਹਸਪਤਾਲ ਹੈ ਜਿਹੜਾ ਸਿਸਟਮ ਵਿੱਚ ਨਵੀਂ ਨੈੱਟ ਸਮਰੱਥਾ ਜੋੜਦਾ ਹੈ।

**ਸਹਾਇਤਾ ਕਰਨਾ** - ਲੋਕਾਂ ਅਤੇ ਨੌਕਰੀਆਂ ਵਾਸਤੇ ਅਤਿਰਿਕਤ ਸਹਾਇਤਾ ਵਿੱਚ $2.4 ਬਿਲੀਅਨ ਸਮੇਤ, $13.5 ਬਿਲੀਅਨ। ਨਵੀਂ ਫੰਡਿੰਗ ਦੀਆਂ ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਸਪੋਰਟ ਫੌਰ ਲਰਨਰਜ਼ (Support for Learners) ਪਹਿਲ ਰਾਹੀਂ, ਮਾਰਚ ਵਿੱਚ 12 ਸਾਲ ਤੱਕ ਦੇ ਪ੍ਰਤੀ ਬੱਚੇ ਲਈ $200 ਅਤੇ ਖਾਸ ਲੋੜਾਂ ਵਾਲੇ 21 ਸਾਲ ਤੱਕ ਦੇ ਪ੍ਰਤੀ ਬੱਚੇ ਅਤੇ ਕਿਸ਼ੋਰ ਵਾਸਤੇ $250 ਦੀ $378 ਮਿਲੀਅਨ ਦੀ ਫੰਡਿੰਗ ਤੋਂ ਬਾਅਦ, ਮਾਤਾ-ਪਿਤਾ ਨੂੰ ਭੁਗਤਾਨਾਂ ਦੇ ਇੱਕ ਹੋਰ ਰਾਉਂਡ ਰਾਹੀਂ $380 ਮਿਲੀਅਨ ਮੁਹੱਈਆ ਕਰਨਾ। ਇਹ ਕੋਵਿਡ-19 ਦੇ ਵਾਧੂ ਖਰਚਿਆਂ, ਜਿਵੇਂ ਕਿ ਆਨਲਾਈਨ ਲਰਨਿੰਗ ਵਾਸਤੇ ਤਕਨਾਲੋਜੀ, ਦੇ ਨਾਲ ਸਹਾਇਤਾ ਕਰੇਗਾ। ਇਸਦਾ ਮਤਲਬ ਹੈ ਕਿ ਤਿੰਨ ਛੋਟੇ ਬੱਚਿਆਂ, ਜਿਸ ਵਿੱਚੋਂ ਇੱਕ ਦੀਆਂ ਖਾਸ ਲੋੜਾਂ ਹਨ, ਵਾਲਾ ਪਰਿਵਾਰ, 2020 ਵਿੱਚ ਐਜੁਕੇਸ਼ਨਲ ਸਪਲਾਈਆਂ ਅਤੇ ਤਕਨਾਲੋਜੀ ਨਾਲ ਸੰਬੰਧਤ ਸਹਾਇਤਾ ਕਰਨ ਵਾਲੇ ਖਰਚਿਆਂ ਵਿੱਚ $1,300 ਪ੍ਰਾਪਤ ਕਰੇਗਾ।
- 2021 ਟੈਕਸ ਵਾਸਤੇ ਨਵੇਂ Seniors' Home Safety Tax Credit ਦਾ ਪ੍ਰਸਤਾਵ ਰੱਖਣਾ — $10,000 ਤੱਕ ਦੇ ਯੋਗ ਨਵੀਨੀਕਰਨਾਂ ਤੇ 25 ਪ੍ਰਤੀਸ਼ਤ ਦਾ ਕ੍ਰੈਡਿਟ — ਬਜ਼ੁਰਗਾਂ ਨੂੰ ਉਨ੍ਹਾਂ ਦੇ ਘਰਾਂ ਨੂੰ ਵੱਧ ਸੁਰੱਖਿਅਤ ਅਤੇ ਜ਼ਿਆਦਾ ਪਹੁੰਚਯੋਗ ਬਣਾ ਕੇ ਜ਼ਿਆਦਾ ਸਮੇਂ ਤੱਕ ਉਨ੍ਹਾਂ ਦੇ ਘਰਾਂ ਵਿੱਚ ਰਹਿਣ ਲਈ ਸਹਾਇਤਾ ਕਰਨ ਲਈ। ਬਜ਼ੁਰਗ ਉਨ੍ਹਾਂ ਦੀਆਂ ਆਮਦਨੀਆਂ ਅਤੇ ਜੇ 2021 ਵਾਸਤੇ ਉਨ੍ਹਾਂ ਵਲੋਂ ਇਨਕਮ ਟੈਕਸ ਬਕਾਇਆ ਹੈ ਦੀ ਪਰਵਾਹ ਕੀਤੇ ਬਿਨਾਂ ਯੋਗ ਹੋਣਗੇ। ਉਨ੍ਹਾਂ ਨਾਲ ਰਹਿਣ ਵਾਲੇ ਅਤੇ ਉਨ੍ਹਾਂ ਨੂੰ ਸਹਾਰਾ ਦੇਣ ਵਾਲੇ ਪਰਿਵਾਰਕ ਸਦੱਸ ਵੀ ਯੋਗ ਹੋਣਗੇ।
- 2020-21 ਵਿੱਚ ਸ਼ੁਰੂਆਤ ਕਰਕੇ, ਤਿੰਨ ਸਾਲਾਂ ਵਿੱਚ ਬਲੈਕ ਯੂਥ ਐਕਸ਼ਨ ਪਲਾਨ (Black Youth Action Plan) ਵਿੱਚ ਵਾਧੂ $60 ਮਿਲੀਅਨ ਦਾ ਨਿਵੇਸ਼ ਕਰਨਾ, ਮੌਜੂਦਾ ਪ੍ਰੋਗਰਾਮ ਨੂੰ ਵਧਾਉਣ ਲਈ ਅਤੇ ਇੱਕ ਨਵੀਂ ਅਰਥਿਕ ਸ਼ਕਤੀਕਰਨ ਸਟ੍ਰੀਮ, ਜਿਹੜੀ ਸਮਾਜਿਕ ਅਤੇ ਆਰਥਿਕ ਕਾਮਯਾਬੀ ਪ੍ਰਾਪਤ ਕਰਨ ਵਿੱਚ ਬਲੈਕ ਨੌਜਵਾਨਾਂ ਦਾ ਸਮਰਥਨ ਕਰੇਗੀ, ਸਿਰਜਣ ਲਈ ਉਸਦੀ ਬੇਸ ਫੰਡਿੰਗ ਨੂੰ ਦੁਗਣਾ ਕਰਦੇ ਹੋਏ।

- ਟੂਰੀਜ਼ਮ, ਸਭਿਆਚਾਰਕ ਅਤੇ ਖੇਡ ਸੰਗਠਨਾਂ, ਜਿਹੜੀਆਂ ਮਹਾਮਾਰੀ ਕਰਕੇ ਮਹੱਤਵਪੂਰਨ ਵਿੱਤੀ ਦਬਾਵਾਂ ਦਾ ਅਨੁਭਵ ਕਰ ਰਹੀਆਂ ਹਨ, ਦੀ ਸਹਾਇਤਾ ਕਰਨ ਲਈ ਦੋ ਸਾਲਾਂ ਵਿੱਚ Community Building Fund (ਕਮਿਊਨਿਟੀ ਬਿਲਡਿੰਗ ਫੰਡ) ਦੇ ਲਈ $100 ਮਿਲਿਅਨ ਦਾ ਨਿਵੇਸ਼ ਕਰਨਾ।
- ਕੋਵਿਡ-19 ਦੇ ਨਤੀਜੇ ਵਜੋਂ ਹੋਣ ਵਾਲੇ ਓਪਰੇਟਿੰਗ ਘਾਟਿਆਂ ਨੂੰ ਕਵਰ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਓਨਟੈਰੀਓ ਦੀਆਂ ਕਲਾ ਸਸੰਥਾਵਾਂ ਨੂੰ $25 ਮਿਲੀਅਨ ਦੀ ਇੱਕ ਵਾਰੀ ਦੀ ਫੰਡਿਗ ਮੁਹੱਈਆ ਕਰਨਾ।
- ਅਗਲੇ ਦੋ ਸਾਲਾਂ, 2021-22 ਅਤੇ 2022-23, ਵਿੱਚ ਉਭਰਦੀਆਂ ਲੋੜਾਂ ਪ੍ਰਤੀ ਪ੍ਰਤੀਕਿਰਿਆਸ਼ੀਲ ਰਹਿਣ ਅਤੇ ਓਨਟੈਰੀਓ ਦੇ ਲੋਕਾਂ ਲਈ ਸਹਾਰੇ ਮੁਹੱਈਆ ਕਰਨਾ ਜਾਰੀ ਰੱਖਣ ਲਈ Support for People and Jobs Fund ਵਾਸਤੇ $1.8 ਬਿਲੀਅਨ ਦੀ ਅਤਿਰਿਕਤ ਸਹਾਇਤਾ ਮੁਹੱਈਆ ਕਰਨਾ।

**ਮੁੜ ਪ੍ਰਾਪਤ ਕਰਨਾ** - ਆਰਥਿਕ ਵਾਧੇ ਦੀ ਸਹਾਇਤਾ ਦੇ ਨਾਲ ਮਜ਼ਬੂਤ ਰਿਕਵਰੀ ਦੇ ਲਈ ਨੀਂਹ ਦੇ ਨਿਰਮਾਣ ਕਰਨ ਲਈ ਨਵੇਂ ਸਹਾਰਿਆਂ ਵਿੱਚ $4.8 ਬਿਲੀਅਨ। ਹਾਈਲਾਈਟਾਂ ਵਿੱਚ ਸ਼ਾਮਲ ਹਨ:

- ਅਗਲੇ ਚਾਰ ਸਾਲਾਂ ਵਿੱਚ ਬਰੌਡਬੈਂਡ ਬੁਨਿਆਦੀ ਢਾਂਚੇ ਵਿੱਚ $680 ਮਿਲੀਅਨ ਤੋਂ ਵੱਧ ਦੇ ਅਤਿਰਿਕਤ ਨਿਵੇਸ਼ ਕਰਨੇ ਜੋ, ਉਸਦੀਆਂ ਪਹਿਲੀਆਂ ਵਚਨਬੱਧਤਾਵਾਂ ਦੇ ਨਾਲ ਮਿਲਾ ਕੇ, ਓਨਟੈਰੀਓ ਦੇ ਨਿਵੇਸ਼ ਨੂੰ ਇਹ ਸੁਨਿਸ਼ਚਿਤ ਕਰਨ ਲਈ ਇਤਿਹਾਸਿਕ ਲਗਭਗ $1 ਬਿਲੀਅਨ ਤੱਕ ਲੈ ਜਾਂਦਾ ਹੈ ਕਿ ਸੂਬੇ ਭਰ ਵਿੱਚ ਭਾਈਚਾਰੇ ਜੁੜੇ ਹੋਏ ਹਨ।
- ਨੌਕਰੀਆਂ ਨੂੰ ਖਤਮ ਕਰਨ ਵਾਲੀਆਂ ਬਿਜਲੀ ਦੀਆਂ ਕੀਮਤਾਂ ਨੂੰ ਸੰਬੋਧਿਤ ਕਰਨ ਲਈ ਵਿਆਪਕ ਯੋਜਨਾ ਦੇ ਨਾਲ ਉਨਟੈਰੀਓ ਵਿੱਚ ਹੋਰ ਨੌਕਰੀਆਂ ਲਿਆਉਣਾ, ਦਰਮਿਆਨੇ-ਆਕਾਰ ਦੇ ਅਤੇ ਵੱਡੇ ਉਦਯੋਗਿਕ ਅਤੇ ਵਪਾਰਕ ਰੋਜ਼ਗਾਰਦਾਤਾਵਾਂ ਲਈ ਉਨ੍ਹਾਂ ਦੇ ਬਿਲਾਂ ਵਿੱਚ ਕ੍ਰਮਵਾਰ ਔਸਤਨ 14 ਅਤੇ 16 ਪ੍ਰਤੀਸ਼ਤ ਦੀ ਬਚਤ ਕਰਦੇ ਹੋਏ (ਤਿੰਨ ਸਾਲਾਂ ਵਿੱਚ $1.3 ਬਿਲੀਅਨ ਦੇ ਅਤਿਰਿਕਤ ਖਰਚੇ ਤੇ)।
- ਨੌਕਰੀਆਂ ਸਿਰਜਣ ਵਾਲਿਆਂ ਤੇ ਪ੍ਰਾਪਰਟੀ ਟੈਕਸਾਂ ਨੂੰ ਘਟਾ ਕੇ ਅਤੇ 200,000 ਰੋਜ਼ਗਾਰਦਾਤਾਵਾਂ, ਜਾਂ ਓਨਟੈਰੀਓ ਵਿਚਲੀਆਂ ਸਾਰੀਆਂ ਕਾਰੋਬਾਰੀ ਸੰਪਤੀਆਂ ਦੇ 94 ਪ੍ਰਤੀਸ਼ਤ ਲਈ ਉੱਚੇ Business Education Tax (BET) (ਬਿਜ਼ਨਸ ਐਜੂਕੇਸ਼ਨ ਟੈਕਸ) ਨੂੰ 0.88 ਪ੍ਰਤੀਸ਼ਤ ਦੇ ਰੇਟ ਤੱਕ ਘਟਾ ਕੇ ਸਥਿਤੀ ਨੂੰ ਸਾਰੇ ਸ਼ਾਮਲ ਲੋਕਾਂ ਵਾਸਤੇ ਨਿਰਪੱਖ ਬਣਾਉਣਾ। ਇਹ $450 ਮਿਲੀਅਨ ਦੀਆਂ ਫੌਰੀ ਸਾਲਾਨਾ ਬਚਤ ਤਿਆਰ ਕਰ ਰਿਹਾ ਹੈ ਅਤੇ ਮੌਜੂਦਾ ਸਮੇਂ ਤੇ ਸੂਬੇ ਵਿੱਚ ਸਭ ਤੋਂ ਵੱਧ BET ਰੇਟ ਅਧੀਨ ਆਉਣ ਵਾਲੇ ਅਨੇਕ ਕਾਰੋਬਾਰਾਂ ਲਈ 30 ਪ੍ਰਤੀਸ਼ਤ ਦੀ ਕਮੀ ਦਰਸਾਉਂਦਾ ਹੈ।
- ਨਗਰਪਾਲੀਕਾਵਾਂ ਨੂੰ ਛੋਟੇ ਕਾਰੋਬਾਰਾਂ ਦੇ ਲਈ ਪ੍ਰਾਪਰਟੀ ਟੈਕਸ ਵਿੱਚ ਕਟੌਤੀ ਕਰਨ ਦੀ ਸਮਰੱਥਾ ਦੇਣ ਅਤੇ ਇੰਨ੍ਹਾਂ ਕਟੌਤੀਆਂ ਨੂੰ ਮੈਚ ਕਰਨ ਲਈ ਸੂਬਾਈ ਵਚਨਬੱਧਤਾ ਤੇ ਵਿਚਾਰ ਕਰਨ ਦਾ ਪ੍ਰਸਤਾਵ ਦੇਕੇ ਸਥਾਨਕ ਸਰਕਾਰਾਂ ਵਲੋਂ ਬੇਨਤੀਆਂ ਦਾ ਜਵਾਬ ਦੇਣਾ। ਇਹ ਛੋਟੇ ਕਾਰੋਬਾਰਾਂ ਨੂੰ 2022-23 ਤੱਕ ਕੁਲ ਮਿਉਂਸੀਪਲ ਅਤੇ ਸੂਬਾਈ ਪ੍ਰਾਪਰਟੀ ਟੈਕਸ ਰਾਹਤ ਵਿੱਚ ਮਿਉਂਸੀਪਲ ਤੌਰ 'ਤੇ ਅਪਨਾਏ ਜਾਣ 'ਤੇ ਨਿਰਭਰ ਕਰਦੇ ਹੋਏ $385 ਮਿਲੀਅਨ ਤੱਕ ਮੁਹੱਈਆ ਕਰੇਗਾ।
- Employer Health Tax (EHT) ਛੋਟ ਵਿੱਚ $490,000 ਤੋਂ $1 million ਤੱਕ ਦੇ ਵਾਧੇ ਨੂੰ ਸਥਾਈ ਬਣਾਉਣ ਦਾ ਪ੍ਰਸਤਾਵ ਰੱਖ ਤੇ ਅਤਿਰਿਕਤ 30,000 ਵਾਸਤੇ ਨੌਕਰੀਆਂ ਤੇ ਟੈਕਸ ਨੂੰ ਖਤਮ ਕਰਨਾ। ਇਸ ਵਾਧੂ ਰਾਹਤ ਦੇ ਨਾਲ ਲਗਭਗ 90 ਰੋਜ਼ਗਾਰਦਾਤਾ ਕੋਈ EHT ਦਾ ਭੁਗਤਾਨ ਨਹੀਂ ਕਰਨਗੇ, 2021–22 ਵਿੱਚ ਉਨ੍ਹਾਂ ਲਈ $360 ਮਿਲੀਅਨ ਦੀ ਬਚਤ ਕਰਦੇ ਹੋਏ ਜਿਸ ਦਾ ਨੌਕਰੀਆਂ ਅਤੇ ਵਾਧੇ ਵਿੱਚ ਪੁਨਰ ਨਿਵੇਸ਼ ਕੀਤਾ ਜਾ ਸਕਦਾ ਹੈ।
- ਓਨਟੈਰੀਓ ਨਿਵਾਸੀਆਂ ਨੂੰ, ਉਨ੍ਹਾਂ ਨੂੰ 2021, ਓਨਟੈਰੀਓ ਸਟੇਕੇਸ਼ਨ ਦੇ ਸਾਲ, ਵਿੱਚ ਸੁਰੱਖਿਅਤ ਢੰਗ ਨਾਲ ਓਨਟੈਰੀਓ ਦੀ ਖੋਜ ਕਰਨ ਵਾਸਤੇ ਉਤਸ਼ਾਹਿਤ ਕਰਨ ਵਾਸਤੇ ਯੋਗ ਓਨਟੈਰੀਓ ਟੂਰੀਜ਼ਮ ਖਰਚਿਆਂ ਲਈ 20 ਪ੍ਰਤੀਸ਼ਤ ਤੱਕ ਦੀ ਸਹਾਇਤਾ ਲਈ ਵਚਨਬੱਧ ਹੋਣਾ।

- ਟੂਰੀਜ਼ਮ ਅਤੇ ਹੌਸਪੀਟੈਲਿਟੀ ਸੈੱਕਟਰ ਵਿਚਲੇ ਕਾਮਿਆਂ ਅਤੇ ਮਹਾਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਰ ਲੋਕਾਂ ਨੂੰ ਤਿੰਨ ਸਾਲਾਂ ਵਿੱਚ $180.5 ਮਿਲੀਅਨ ਦੇ ਨਿਵੇਸ਼ ਦੇ ਨਾਲ ਸਿਖਲਾਈ ਅਤੇ ਨੌਕਰੀਆਂ ਦੇ ਨਾਲ ਜੋੜਨਾ, ਜਿਸ ਵਿੱਚ ਸਕਿਲਡ ਟ੍ਰੇਡਜ਼ ਰਣਨੀਤੀ, ਹੁਨਰਾਂ ਸੰਬੰਧੀ ਸਿਖਲਾਈ ਵਾਸਤੇ Employment Ontario ਰਾਹੀਂ ਅਤਿਰਿਕਤ $100 ਮਿਲੀਅਨ ਦੇ ਸਮਰਪਿਤ ਨਿਵੇਸ਼, ਮੁੜ ਕੇ ਤਿਆਰ ਕੀਤਾ ਗਿਆ ਸੈਕਿਡ ਕਰਿਅਰ ਪ੍ਰੋਗਰਾਮ (Second Career program) ਅਤੇ ਮੰਗ-ਵਾਲੇ ਹੁਨਰ ਪ੍ਰਾਪਤ ਕਰਨ ਲਈ $59.5 ਮਿਲੀਅਨ ਸ਼ਾਮਲ ਹਨ।
- ਸਰਕਾਰੀ ਸੇਵਾਵਾਂ ਨੂੰ Ontario Onwards Acceleration Fund (ਓਨਟੈਰੀਓ ਓਨਵਰਡ ਐਕਸੇਲੇਰੇਸ਼ਨ ਫੰਡ) ਦੇ ਰਾਹੀਂ ਹੋਰ ਭਰੋਸੇਮੰਦ, ਸੁਵਿਧਾਜਨਕ ਬਣਾਉਣ ਵਾਸਤੇ ਚਾਰ ਸਾਲਾਂ ਵਿੱਚ $500 ਮਿਲੀਅਨ ਮੁਹੱਈਆ ਕਰਨਾ।

## ਕੁਝ ਤੱਥ

- ਜੂਨ ਤੋਂ, ਓਨਟੈਰੀਓ ਵਿੱਚ ਰੁਜ਼ਗਾਰ 838,000 ਨੈੱਟ ਨੌਕਰੀਆਂ ਵੱਧੀਆਂ ਹਨ ਅਤੇ, ਸਤੰਬਰ ਤੋਂ, ਰੁਜ਼ਗਾਰ ਫਰਵਰੀ 2020 ਸਤਰ ਦੇ 95.8 ਪ੍ਰਤੀਸ਼ਤ ਤੱਕ ਪਹੁੰਚ ਗਿਆ ਹੈ।
- ਓਨਟੈਰੀਓ ਦੇ ਅਸਲ ਜੀਡੀਪੀ ਵਿੱਚ 2020 ਵਿੱਚ 6.5 ਪ੍ਰਤੀਸ਼ਤ ਦੀ ਗਿਰਾਵਟ ਆਉਣ ਅਤੇ 2021 ਵਿੱਚ 4.9 ਪ੍ਰਤੀਸ਼ਤ ਦੇ ਵਾਧੇ ਦਾ ਪੂਰਵ ਅਨੁਮਾਨ ਹੈ। 2021 ਤੋਂ ਬਾਅਦ ਓਨਟੈਰੀਓ ਦੇ ਆਰਥਿਕ ਵਾਧੇ ਦੇ ਜਾਰੀ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ, 2022 ਵਿੱਚ ਅਸਲ ਜੀਡੀਪੀ ਵਿੱਚ 3.5 ਪ੍ਰਤੀਸ਼ਤ ਦੇ ਵਾਧੇ ਦੇ ਨਾਲ, 2023 ਵਿੱਚ 2.0 ਪ੍ਰਤੀਸ਼ਤ ਵਾਧੇ ਤੇ ਸੰਤੁਲਿਤ ਹੋਣ ਤੋਂ ਪਹਿਲਾਂ।
- The *Fiscal Sustainability, Transparency and Accountability Act*, *2019* (FSTAA) ਦੀ ਲੋੜ ਹੈ ਕਿ ਸਰਕਾਰ ਬਹੁ-ਸਾਲਾ ਵਿੱਤੀ ਯੋਜਨਾ ਦੇ ਅੰਤਿਮ ਸਾਲ ਵਿੱਚ ਇੱਕ ਸੰਤੁਲਿਤ ਬਜਟ ਦਾ ਪੂਰਵ ਅਨੁਮਾਨ ਨਾ ਲਗਾਏ ਜਾਣ ਦੀ ਸੂਰਤ ਵਿੱਚ ਇੱਕ ਰਿਕਵਰੀ ਪਲਾਨ ਪ੍ਰਕਾਸ਼ਿਤ ਕਰੇ। ਐਕਟ ਲਚਕੀਲੇਪਨ ਲਈ ਲੋੜ ਨੂੰ ਵੀ ਪਛਾਣਦਾ ਹੈ ਅਤੇ ਬਦਲ ਰਹੇ ਹਾਲਾਤਾਂ ਪ੍ਰਤੀ ਪ੍ਰਤੀਕਿਰਿਆ ਕਰਨ ਦੀ ਕਾਬਲੀਅਤ ਪ੍ਰਦਾਨ ਕਰਦਾ ਹੈ। ਕੋਵਿਡ-19 ਮਹਾਮਾਰੀ ਦੇ ਨਾਲ ਸੰਬੰਧਤ ਜਾਰੀ ਅਤੇ ਅਪੂਰਵ ਅਨਿਸ਼ਚਿਤਤਾ ਅਤੇ ਜੋਖਮਾਂ ਨੂੰ ਦੇਖਦੇ ਹੋਏ, ਸਰਕਾਰ *2020 Budget* ਵਿੱਚ ਇੱਕ ਰਿਕਵਰੀ ਪਲਾਨ ਸ਼ਾਮਲ ਕਰਨ ਦੀ ਲੋੜ ਨੂੰ ਰੋਕਣ ਵਾਸਤੇ FSTAA ਵਿੱਚ ਸੋਧਾਂ ਦਾ ਪ੍ਰਸਤਾਵ ਰੱਖ ਰਹੀ ਹੈ।
- ਓਨਟੈਰੀਓ ਕੈਨੇਡਾ ਵਿੱਚ ਅਜਿਹਾ ਪਹਿਲਾ ਅਧਿਕਾਰ ਖੇਤਰ ਸੀ ਜਿਸ ਨੇ ਉਸਦੀ 25 ਮਾਰਚ, 2020 ਦੀ *ਓਨਟੈਰੀਓ ਦੀ ਕਾਰਵਾਈ ਯੋਜਨਾ*: *ਕੋਵਿਡ-19 ਵਾਸਤੇ ਕਦਮ ਉਠਾਉਣਾ* ਵਿੱਚ ਕੋਵਿਡ-19 ਸੰਕਟ ਦੇ ਪ੍ਰਭਾਵਾਂ ਨੂੰ ਪ੍ਰਤੀਬਿੰਬਤ ਕਰਨ ਵਾਲੀ ਵਿੱਤੀ ਆਉਟਲੁੱਕ ਰੀਲੀਜ਼ ਕੀਤੀ।

## ਅਤਿਰਿਕਤ ਸਾਧਨ

*ਓਨਟੈਰੀਓ ਦੀ ਕਾਰਵਾਈ ਯੋਜਨਾ: ਰੱਖਿਆ ਕਰਨਾ, ਸਹਾਇਤਾ ਕਰਨਾ, ਮੁੜ ਪ੍ਰਾਪਤ ਕਰਨਾ*

ਬੈਕਗਰਾਉਂਡਰ: ਰੱਖਿਆ ਕਰਨਾ - ਤਾਗੀਦੀ ਕੋਵਿਡ-19 ਪ੍ਰਤੀਕਿਰਿਆ

ਬੈਕਗਰਾਉਂਡਰ ਸਹਾਇਤਾ - ਲੋਕਾਂ ਅਤੇ ਨੌਕਰੀਆਂ ਦਾ ਸਮਰਥਨ ਕਰਨਾ

ਬੈਕਗਰਾਉਂਡਰਮੁੜ ਪ੍ਰਾਪਤ ਕਰਨਾ - ਵਾਧੇ ਲਈ ਹਾਲਾਤ ਸਿਰਜਣੇ

ਬੈਕਗਰਾਉਂਡਰਜ਼ਿੰਮੇਵਾਰ ਅਤੇ ਪਾਰਦਰਸ਼ੀ ਢੰਗ ਨਾਲ ਓਨਟੈਰੀਓ ਦੇ ਵਿੱਤ ਦਾ ਪ੍ਰਬੰਧਨ

ਬੈਕਗਰਾਉਂਡਰਓਨਟੈਰੀਓ ਦੀ ਕਾਰਵਾਈ ਯੋਜਨਾ ਦੀਆਂ ਹਾਈਲਾਈਟਾਂ:ਰੱਖਿਆ ਕਰਨਾ, ਸਹਾਇਤਾ ਕਰਨਾ, ਮੁੜ ਪ੍ਰਾਪਤ ਕਰਨਾ

ਓਨਟੈਰੀਓ ਦੇ ਆਰਥਿਕ ਅਕਾਉਂਟ - 2020 ਦਾ ਦੂਸਰਾ ਕੁਆਟਰ

*ਓਨਟੈਰੀਓ ਦੀ ਕਾਰਵਾਈ ਯੋਜਨਾ: COVID-19 ਵਾਸਤੇ ਕਦਮ ਉਠਾਉਣਾ*